# ਗੁਰੂ ਹਰਿਕ੍ਰਿਸ਼ਨ ਸਾਹਿਬ
# (੧੬੫੬-੧੬੬੪, ਗੁਰਗੱਦੀ ੧੬੬੧-੧੬੬੪)

ਗੁਰੂ ਹਰਿਕ੍ਰਿਸ਼ਨ ਜੀ, ਜੋ ਗੁਰੂ ਹਰਿਰਾਇ ਸਾਹਿਬ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਦੂਜੇ ਅਤੇ ਸਭ ਤੋਂ ਛੋਟੇ ਸਪੁੱਤਰ ਸਨ, ਦਾ ਜਨਮ ੭ ਜੁਲਾਈ, ੧੬੫੬ ਨੂੰ ਕੀਰਤਪੁਰ ਹੋਇਆ। ਰਾਮਰਾਇ ਜਿਸ ਕਾਰਨ ਗੁਰਗੱਦੀ ਤੋਂ ਵਾਂਝਿਆ ਗਿਆ, ਇਸ ਦਾ ਵਰਨਣ ਪਿਛਲੇ ਕਾਂਡ ਵਿੱਚ ਦੱਸਿਆ ਗਿਆ ਹੇ। ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਤੇ ਬੈਠੇ ਜਦ ਉਨ੍ਹਾਂ ਦੀ ਆਯੂ ਪੰਜ ਵਰ੍ਹੇ ਤਿੰਨ ਮਹੀਨੇ ਸੀ।

ਰਾਮਰਾਇ ਦਿੱਲੀ ਬਾਦਸ਼ਾਹ ਦੇ ਦਰਬਾਰ ਵਿੱਚ ਸੀ ਅਤੇ ਜਦ ਉਸ ਨੂੰ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਮਿਲਣ ਦੀ ਖਬਰ ਪੁੱਜੀ ਤਾਂ ਉਹ ਈਰਖਾ ਨਾਲ ਭੁਜ ਗਿਆ। ਮਸੰਦ ਗੁਰਦਾਸ [1], ਜੋ ਰਾਮਰਾਇ ਦਾ ਸੇਵਕ ਸੀ, ਨੇ ਉਸ ਨੂੰ ਧੀਰਜ ਦਿਤਾ ਕਿ, "ਉਦਾਸ ਹੋਣ ਦੀ ਲੋੜ ਨਹੀਂ। ਦੇਸ ਦੇ ਇਸ ਪਾਸੇ ਆਪਦੇ ਬਹੁਤ ਸ਼ਰਧਾਲੂ ਹਲ। ਬਾਦਸ਼ਾਹ ਵੀ ਆਪਦਾ ਮਾਨ ਆਦਰ ਕਰਦਾ ਹੈ।" ਰਾਮਰਾਇ ਦੀ ਤਸੱਲੀ ਨਾ ਹੋਈ। ਕਹਿਣ ਲੱਗਾ, "ਤੁਹਾਨੂੰ ਪਤਾ ਨਹੀਂ, ਜਦ ਇਸ ਦੇਸ ਦੇ ਲੋਕਾਂ ਨੂੰ ਖਬਰ ਮਿਲੇਗੀ ਕਿ ਗੁਰਗੱਦੀ ਮੇਰੇ ਛੋਟੇ ਭਰਾ ਨੂੰ ਦਿਤੀ ਗਈ ਹੈ, ਉਹ ਮੈਥੋਂ ਮੂੰਹ ਮੋੜ ਕੇ ਉਸ ਵਲ ਚਲੇ ਜਾਣਗੇ।" ਫਿਰ ਵੀ ਰਾਮਰਾਇ ਨੇ ਗੁਰਦਾਸ ਦੀ ਸਲਾਹ ਮੰਨ ਲਈ ਅਤੇ ਆਪਣੇ ਮਸੰਦ ਹਰ ਪਾਸੇ ਭੇਜੇ ਦਿਤੇ ਦੱਸਣ ਲਈ ਕਿ ਉਹਨੂੰ ਗੁਰਗੱਦੀ ਮਿਲ ਗਈ ਹੈ ਅਤੇ ਸਿਖਾਂ ਕੋਲੋਂ ਭੇਟਾਵਾਂ ਲਿਆਉਣ ਲਈ। ਪਰ ਜੋ ਸਿੱਖ ਜਾਣਦੇ ਸਨ ਕਿ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਤੇ ਬੈਠੇ ਹਨ ਉਹਨਾਂ ਨੇ ਰਾਮਰਾਇ ਨੂੰ ਆਪਣਾ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਤਦ ਰਾਮਰਾਇ ਨੇ ਬਾਦਸ਼ਾਹ ਕੋਲ ਆਪਣਾ ਮਾਮਲਾ ਪੇਸ਼ ਕਰਨ ਦਾ ਫੈਸਲਾ ਕੀਤਾ। ਉਸ ਨੇ ਔਰੰਗਜ਼ੇਬ ਕੋਲ ਸ਼ਕਾਇਤ ਕੀਤੀ, "ਬਾਦਸ਼ਾਹ ਸਲਾਮਤ, ਮੇਰੇ ਪਿਤਾ ਨੇ ਮੇਰੇ ਛੋਟੇ ਭਾਈ ਨੂੰ ਆਪਣਾ ਜਾਨਸ਼ੀਨ ਬਣਾ ਦਿਤਾ ਹੈ ਅਤੇ ਉਸ ਨੇ ਗੁਰਗੱਦੀ, ਪਿਤਾ ਦੀ ਜਾਇਦਾਦ ਅਤੇ ਭੇਟਾਵਾਂ ਕਾਬੂ ਕਰ ਲਈਆਂ ਹਨ। ਇਹ ਮੁਸੀਬਤ ਮੈਨੂੰ ਇਸ ਕਰਕੇ ਆਈ ਹੈ ਕਿ ਮੈਂ ਆਪ ਦਾ ਹੁਕਮ ਮੰਨਦਾ ਰਿਹਾ ਹਾਂ। ਇਸੇ ਵਜ੍ਹਾ ਕਰਕੇ ਮੇਰੇ ਪਿਤਾ ਆਪ ਦੇ ਖਿਲਾਫ ਹੋ ਗਏ ਅਤੇ ਮਰਨ ਵੇਲੇ ਮੇਰੇ ਛੋਟੇ ਭਾਈ ਨੂੰ ਹੁਕਮ ਦੇ ਗਏ ਸੀ ਕਿ ਉਹ ਆਪਦੇ ਨਾਲ ਕਦੇ ਸਮਝੌਤਾ ਨ ਕਰੇ ਅਤੇ ਨ ਆਪਦਾ ਮੂੰਹ ਵੇਖੇ। ਹੁਣ ਮੇਰੀ ਅਰਜ਼ ਹੈ ਕਿ ਆਪ ਮੇਰੇ ਛੋਟੇ ਭਾਈ ਨੂੰ ਦਿੱਲੀ ਬੁਲਾਉ ਅਤੇ ਹੁਕਮ ਦਿਉ ਕਿ ਕਰਾਮਾਤਾਂ ਵਿਖਾਏ, ਜਿਸ ਤਰ੍ਹਾਂ ਮੈਂ ਵਿਖਾਈਆਂ ਹਨ।"

ਇਸ ਤੇ ਔਰੰਗਜ਼ੇਬ ਨੂੰ ਵੀ ਚੰਗਾ ਮੌਕਾ ਮਿਲ ਗਿਆ ਆਪਣਾ ਮਿਸ਼ਨ ਪੂਰਾ ਕਰਨ ਲਈ। ਔਰੰਗਜ਼ੇਬ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ ਪਰ ਉਸ ਨੂੰ ਪੰਜਾਬ ਵਿੱਚ ਇਸ ਦੀ ਸਫਲਤਾ ਹੋਣ ਦੀ ਆਸ ਨਹੀਂ ਸੀ ਕਿਉਂਕਿ ਲੋਕ ਉਥੇ ਗੁਰੂ ਜੀ ਦਾ ਬਹੁਤ ਹੀ ਸਤਿਕਾਰ ਕਰਦੇ ਸਨ। ਜੇ ਬਾਦਸ਼ਾਹ ਰਾਮਰਾਇ ਨੂੰ ਗੁਰਗੱਦੀ ਦਿਵਾ ਸਕੇ ਅਤੇ ਉਸ ਦੇ ਰਾਹੀਂ ਪੰਜਾਬ ਵਿੱਚ ਇਸਲਾਮ ਧਰਮ ਫੈਲਾਉਣ ਵਿੱਚ ਸ਼ਾਇਦ ਕਾਮਯਾਬ ਹੋ ਜਾਵੇ, ਜਾਂ ਦੋਹਾਂ ਭਰਾਵਾਂ ਵਿੱਚ ਝਗੜਾ ਖੜਾ ਕਰਨ ਵਿੱਚ ਹੀ ਕਾਮਯਾਬ ਹੋ ਜਾਵੇ ਤਾਂ ਉਹ ਦੋਵੇਂ ਆਪਸ ਵਿੱਚ ਲੜ ਮਰਨਗੇ ਅਤੇ ਬਾਦਸ਼ਾਹ ਦਾ ਮੰਤਵ ਪੂਰਾ ਹੋ ਜਾਵੇਗਾ।

ਔਰੰਗਜ਼ੇਬ ਨੇ ਇਹ ਸ਼ੈਤਾਨੀ ਤਜਵੀਜ਼ ਬਣਾ ਕੇ ਅੰਬੇਰ (ਜੈਪੁਰ) ਦੇ ਰਾਜਾ ਜੈ ਸਿੰਘ ਨੂੰ ਬੁਲਾ ਕੇ ਹੁਕਮ ਦਿਤਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਾਉ ਅਤੇ ਨਾਲ ਹੀ ਕਿਹਾ, "ਮੈਂ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਹਾਂ ਇਹ ਖਿਆਲ ਰਹੇ ਕਿ ਗੁਰੂ ਸਾਹਿਬ ਨੂੰ ਸਫਰ ਵਿੱਚ ਸਭ ਤਰ੍ਹਾਂ ਦੀ ਇਜ਼ਤ ਦਿਤੀ ਜਾਏ।" ਰਾਮਰਾਇ ਇਹ ਸੁਣ ਕੇ ਖੁਸ਼ ਹੋ ਗਿਆ ਕਿ ਉਸ ਦੇ ਭਰਾ ਨੂੰ ਦਿੱਲੀ ਬੁਲਾਇਆ ਗਿਆ ਹੈ।

ਬਹੁਤ ਸਾਰੇ ਲੇਖਕ ਯਕੀਨ ਨਹੀਂ ਕਰਦੇ ਕਿ ਗੁਰੂ ਹਰਿਕ੍ਰਿਸ਼ਨ ਜੀ ਇਕ ਬਾਲਕ ਹੁੰਦਿਆਂ ਉੱਚੀ ਯੋਗਤਾ ਦੇ ਮਾਲਕ ਸਨ ਅਤੇ ਪੂਰੇ ਭਰੋਸੇ ਨਾਲ ਸੱਚ ਦੇ ਅਭਿਲਾਖੀਆਂ ਨੂੰ ਸਿਖਿਆ ਦੇਂਦੇ ਰਹੇ ਸਨ। ਇਹ ਬੁੱਧੀਜੀਵੀ (Intelligentsia) ਗੁਰੂ ਪਦਵੀ ਦੀ ਪਾਵਨਤਾ ਨੂੰ ਨਹੀਂ ਸਮਝ ਸਕਦੇ ਕਿਉਂਕਿ ਇਹ ਹਰੇਕ ਵਰਤਾਰਾ ਬੰਦੇ ਦੀ ਉਮਰ, ਬੁੱਧੀ ਅਤੇ ਤਜਰਬੇ ਅਨੁਸਾਰ ਹੀ ਸੰਭਵ ਹੋਣਾ ਸਮਝਦੇ ਹਨ। ਇਥੇ ਧਿਆਨ ਕਰਨ ਵਾਲੀ ਗੱਲ ਇਹ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੇ ਰੱਬੀ ਪਵਿਤਰ ਅਧਿਕਾਰਾਂ ਕਾਰਨ ਪੰਜ ਵਰ੍ਹੇ ਦੀ ਉਮਰ ਵੇਲੇ ਹੀ ਰੂਹਾਨੀ ਸ਼ਕਤੀਆਂ ਦੇ ਮਾਲਕ ਸਨ। ਉਨ੍ਹਾਂ ਦੀਆਂ ਰੂਹਾਨੀ ਪ੍ਰਾਪਤੀਆਂ ਅਥਵਾ ਯੋਗਤਾ ਉਨ੍ਹਾਂ ਦੀ ਗੁਰੂ ਪਦਵੀ ਦੇ ਨਾਲ ਹੀ ਆ ਗਈਆਂ। ਜਿਸ ਤਰ੍ਹਾਂ ਪਿਛੇ ਦਸਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੋਈ ਗੁਰਬਾਣੀ ਅਨੁਸਾਰ ਗੁਰੂ ਦਾ ਭਾਵ ਹੈ ਜੋਤ, ਅਰਥਾਤ ਰੱਬੀ ਪ੍ਰਕਾਸ਼, ਗੁਰਗੱਦੀ ਮਿਲਦਿਆਂ ਹੀ ਵਿਅਕਤੀ ਦੀ ਉਮਰ, ਬੁੱਧੀ ਜਾਂ ਤਜਰਬੇ ਦਾ ਕੋਈ ਮੁੱਲ ਨਹੀਂ ਹੁੰਦਾ। ਤਦ ਹੀ ਉਸ ਵਿਅਕਤੀ ਵਿੱਚ ਰੱਬੀ ਜੋਤਿ ਕੰਮ ਕਰਦੀ ਹੈ। ਰੱਬੀ ਜੋਤਿ ਦੀ ਸ਼ਕਤੀ ਮਨੁੱਖੀ ਬੁਧੀ ਦੀ ਪਹੁੰਚ ਤੋਂ ਬਾਹਰ ਹੈ। ਬੁੱਧੀਜੀਵੀ ਆਪਣੇ ਤਕਨੀਕੀ ਗਿਆਨ ਰਾਹੀਂ ਰੱਬੀ-ਜੋਤਿ ਦੀ ਸ਼ਕਤੀ ਨੂੰ ਵੇਖ ਜਾਂ ਸਮਝ ਨਹੀਂ ਸਕਦੇ। ਸਾਡੀ ਤਕਨੀਕੀ ਕਹਾਉਂਦੀ ਜਾਣਕਾਰੀ ਜਾਂ ਬੁੱਧੀ, ਅਸਲ

ਵਿੱਚ "ਮੈਂ -ਹਾਂ" ਹੈ, ਜਾਂ ਹਉਮੈ ਦਾ ਪੜਦਾ। ਅਕਾਲ ਪੁਰਖ ਸਭ ਥਾਂ ਹੈ ਅਤੇ ਸਾਡੇ ਵਿੱਚ ਵੀ, ਪਰ ਇਹ ਹਉਮੈ ਦਾ ਪੜਦਾ ਸਾਨੂੰ ਉਸ ਨਾਲੋਂ ਵੱਖ ਕਰ ਦਿੰਦਾ ਹੈ ਅਤੇ ਸੱਚ ਸਾਡੇ ਕੋਲੋਂ ਲੁਕਾ ਰਖਦਾ ਹੈ। ਗੁਰਮਤ ਅਨੁਸਾਰ, ਮਨੁੱਖ ਪਤਨੀ ਦੇ ਤੌਰ ਤੇ ਅਤੇ ਅਕਾਲ ਪੁਰਖ ਉਸ ਦੇ ਪਤੀ ਦੇ ਤੌਰ ਤੇ ਇਕੱਠੇ ਰਹਿੰਦੇ ਹਨ ਪਰ ਹਉਮੈਂ ਦਾ ਪੜਦਾ ਉਹਨਾਂ ਨੂੰ ਵੱਖ ਕਰਕੇ ਰਖਦਾ ਹੈ। ਜਦ ਪੂਰਨ ਗੁਰੂ ਦੀ ਮਿਹਰ ਨਾਲ ਇਹ ਹਉਮੈ ਦਾ ਪੜਦਾ ਹਟ ਜਾਂਦਾ ਹੈ ਤਾਂ ਪਤਨੀ ਦਾ ਆਪਣੇ ਪਤੀ ਪ੍ਰਮੇਸ਼ਰ ਨਾਲ ਮਿਲਾਪ ਹੋ ਜਾਂਦਾ ਹੈ :-

"ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ।"

(ਮਲਾਰ ਮਹਲਾ ੪, ਪੰਨਾ ੧੨੬੩)

ਇਹ ਕੇਵਲ ਪੂਰਨ ਗੁਰੂ ਦੀ ਮਿਹਰ ਹੈ ਜੋ ਸਾਡੀਆਂ ਅੰਦਰਲੀਆਂ ਅੱਖਾਂ ਖੋਲ੍ਹ ਦਿੰਦੀ ਹੈ ਜਿਹਨਾਂ ਨਾਲ ਅਸੀਂ ਅਗਮ ਅਕਾਲ ਪੁਰਖ ਨੂੰ ਵੇਖ ਸਕਦੇ ਅਤੇ ਸਦੀਵੀ ਆਤਮਕ ਸੁਖ ਦੀ ਅਵਸਥਾ ਵਿੱਚ ਪ੍ਰਵੇਸ਼ ਕਰ ਸਕਦੇ ਹਾਂ।

"ਬਿਸਮਨ ਬਿਸਮ ਭਏ ਬਿਸਮਾਦ।
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ।"

(ਗਉੜੀ ਸੁਖਮਨੀ ਮਹਲਾ ੫, ੧੬-੮, ਪੰਨਾ ੨੮੫)

ਉਸ ਅਵਸਥਾ ਵਿੱਚ ਪਹੁੰਚਣ ਲਈ ਪੂਰਨ ਗੁਰੂ ਦੀ ਮਿਹਰ ਦੀ ਯਾਚਨਾ ਕਰਨੀ ਜ਼ਰੂਰੀ ਹੈ। ਇ ਕਰਨ ਲਈ ਬੰਦੇ ਨੂੰ ਹਉਮੈ ਦੀ ਭਾਵਨਾ ਅਤੇ ਤਕਨੀਕੀ ਗਿਆਨ ਦਾ ਅਭਿਮਾਨ ਤਿਆਗਣਾ ਜ਼ਰੂਰੀ ਹੈ ਅਤੇ ਫਿਰ ਅਧੀਨਤਾ ਨਾਲ, ਬਿਨਾਂ ਕਿਸੇ ਸ਼ਰਤ ਦੇ, ਆਪਣਾ ਆਪ ਗੁਰੂ ਜੀ ਅੱਗੇ ਅਰਪਣ ਕਰਕੇ ਮਿਹਰ ਲਈ ਅਰਜ਼ੋਈ ਕਰਨੀ ਹੈ। ਇਸ ਸਵਾਲ ਦਾ ਉਤਰ ਕਿ ਪੰਜ ਵਰ੍ਹੇ ਦੀ ਉਮਰ ਵਿੱਚ ਕਿਵੇਂ ਇਕ ਉਚ ਦਰਜੇ ਦੀਆਂ ਪ੍ਰਾਪਤੀਆਂ ਦੇ ਮਾਲਕ ਹੋ ਸਕਦੇ ਸਨ, ਹਉਮੈ ਭਰੇ ਮਨ ਨਾਲ ਕੀਤੀਆਂ ਦਲੀਲਾਂ ਰਾਹੀਂ ਨਹੀਂ ਮਿਲਦਾ, ਸਗੋਂ ਰੂਹਾਨੀ ਦ੍ਰਿਸ਼ਟੀ ਰਾਹੀਂ ਹੀ ਮਿਲ ਸਕਦਾ ਹੈ। ਬਾਲ ਉਮਰ ਗੁਰੂ ਜੀ ਦੀ ਰੂਹਾਨੀ ਸ਼ਕਤੀ ਬਾਰੇ ਸਵਾਲ ਦਾ ਉਤਰ ਇਹ ਸਮਝਣ ਵਿੱਚ ਹੈ ਕਿ ਗੁਰੂ ਜੀ ਭਾਵੇਂ ਸਰੀਰ ਕਰਕੇ ਮਨੁੱਖ ਸਨ, ਪਰ ਉਹ ਸਨ ਰੱਬੀ ਜੋਤਿ। ਵਿਦਵਾਨ ਕਹਾਉਂਦੇ ਮਨੁੱਖਾਂ ਦੇ ਹਉਮੈ ਵਿੱਧੇ ਮਨ ਗੁਰੂ ਜੀ ਦੀ ਈਸ਼ਵਰਤਾ ਨੂੰ ਸਮਝਣ ਵਿੱਚ ਰੁਕਾਵਟ ਪਾਉਂਦੇ ਹਨ। ਜਿੰਨਾਂ ਚਿਰ ਮਨੁੱਖੀ ਮਨ ਹਉਮੈ ਦੇ ਨਸ਼ੇ ਵਿੱਚ ਰਹਿੰਦਾ ਹੈ ਬੁੱਧੀ ਦੇ ਵਾਦ ਵਿਵਾਦ ਦਾ ਚੱਕਰ ਚਲਦਾ ਰਹੇਗਾ। ਅਤੇ ਇਜੇਹਾ ਮਨੁੱਖ ਕਦੇ ਵੀ ਰੱਬੀ ਜੋਤਿ ਦੀ ਸ਼ਕਤੀ ਦਾ ਅਨੁਭਵ ਨਹੀਂ ਕਰ ਸਕੇਗਾ, ਅਕਾਲ ਪੁਰਖ ਨੂੰ ਨਹੀਂ ਸਮਝ ਸਕੇਗਾ ਅਤੇ ਨਾ ਹੀ ਅਕਾਲ ਪੁਰਖ ਸਬੰਧੀ ਕੋਈ ਗਿਆਨ ਪ੍ਰਾਪਤ ਕਰ ਸਕੇਗਾ। ਤਦ ਹਉਮੈਂ ਲੱਦਿਆ ਮਨ ਹੈਰਾਨ ਹੁੰਦਾ ਰਹੇਗਾ ਕਿ ਇਕ ਪੰਜ ਵਰ੍ਹੇ ਦੀ ਉਮਰ ਦੇ ਗੁਰੂ ਸਾਹਿਬ ਕਿਸ ਤਰ੍ਹਾਂ ਅਲੌਕਿਕ ਕੰਮ ਕਰ ਸਕਦੇ ਸਨ।

ਰਾਜਾ ਜੈ ਸਿੰਘ ਨੇ ਗੁਰੂ ਜੀ ਦੀਆਂ ਵਡਿਆਈਆਂ ਸਬੰਧੀ ਸੁਣਿਆ ਹੋਇਆ ਸੀ ਅਤੇ ਇਸ ਕਰਕੇ ਖੁਸ਼ ਸੀ ਕਿ ਗੁਰੂ ਜੀ ਨਾਲ ਜਾਣ-ਪਛਾਣ ਕਰਨ ਅਤੇ ਉਨ੍ਹਾਂ ਦੇ ਉਪਦੇਸ਼ ਸੁਨਣ ਦਾ ਮੌਕਾ ਮਿਲੇਗਾ। ਉਸ ਨੇ ਆਪਣਾ ਇਕ ਕਾਸਦ ਕੀਰਤਪੁਰ ਭੇਜਿਆ ਗੁਰੂ ਜੀ ਨੂੰ ਦਿੱਲੀ ਆਉਣ ਲਈ ਬੇਨਤੀ ਕਰਨ ਲਈ। ਗੁਰੂ ਜੀ ਨੇ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਦੇ ਗੁਰੂ ਪਿਤਾ ਜੀ ਨੇ ਇਨ੍ਹਾਂ ਨੂੰ ਬਾਦਸ਼ਾਹ ਨਾਲ ਮਿਲਣ ਤੋਂ ਹਟਕਿਆ ਹੋਇਆ ਸੀ। ਰਾਜਾ ਜੈ ਸਿੰਘ ਨੇ ਇਹ ਪੱਤਰ ਮੁੜ ਬੇਨਤੀ ਕਰਦਿਆਂ ਭੇਜਿਆ, "ਰਾਜਾ ਜੈ ਸਿੰਘ ਬੜੀ ਅਧੀਨਤਾ ਨਾਲ ਗੁਰੂ ਜੀ ਜੋਗ ਬੇਨਤੀ ਕਰਦਾ ਹੇ ਕਿ ਦਿੱਲੀ ਆਉ ਤਾਂ ਕਿ ਓਸ ਨੂੰ ਅਤੇ ਗੁਰੂ ਜੀ ਦੀਆਂ ਦਿੱਲੀ ਰਹਿੰਦੀਆਂ ਸੰਗਤਾਂ ਨੂੰ ਦਰਸ਼ਨ ਹੋ ਜਾਣ। ਗੁਰੂ ਜੀ ਬਾਦਸ਼ਾਹ ਨੂੰ ਮਿਲਣ ਸਬੰਧੀ ਜੋ ਯੋਗ ਸਮਝਣ ਕਰਨ।" ਜੈ ਸਿੰਘ ਦੇ ਕਾਸਦ ਨੇ ਗਰੂ ਜੀ ਯੋਗ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਬਾਦਸ਼ਾਹ ਨਾਲ ਮਿਲਣ ਲਈ ਮਜਬੂਰੀ ਨਹੀਂ ਕੀਤਾ ਜਾਵੇਗਾ।

ਗੁਰੂ ਜੀ ਕੀਰਤਪੁਰ ਤੋਂ ਚੱਲ ਪਏ। ਰਾਹ ਵਿੱਚ ਗੁਰੂ ਜੀ ਉਹਨਾਂ ਸਿਖਾਂ ਨੂੰ ਉਡੀਕਣ ਲਈ ਰੁਕ ਗਏ ਜੋ ਗੁਰੂ ਜੀ ਦੇ ਚੱਲਣ ਤੋਂ ਪਿਛੋਂ ਕੀਰਤਪੁਰ ਗੁਰੂ ਜੀ ਦੇ ਦਰਸ਼ਨ ਕਰਨ ਲਈ ਪੁਜੇ ਸਨ। ਉਹਨਾਂ ਵਿੱਚ ਉਹ ਲੂਲ੍ਹੇ ਅਤੇ ਕੋਹੜੀ ਸਨ ਜਿਹਨਾਂ ਨੂੰ ਗੁਰੂ ਜੀ ਨੇ ਆਪਣੇ ਹੱਥੀਂ ਅਰੋਗ ਕੀਤਾ ਸੀ। ਅੰਬਾਲਾ ਨੇੜੇ ਪੰਜੋਖੜਾ ਪਿੰਡ ਵਿੱਚ ਇਕ ਹੰਕਾਰੀ ਵਿਦਵਾਨ ਬ੍ਰਾਹਮਣ ਆਇਆ ਅਤੇ ਗੁਰੂ ਜੀ ਜੋਗ ਨਮਸਕਾਰ ਵੀ ਕਰਨ ਤੋਂ ਬਿਨਾਂ ਉਨ੍ਹਾਂ ਕੋਲ ਆ ਬੈਠਾ। ਤਦ ਉਹ ਗੁਰੂ ਜੀ ਜੋਗ ਕਹਿਣ ਲੱਗਾ, "ਆਪ ਆਪਣੇ ਆਪ ਨੂੰ ਸ੍ਰੀ ਹਰਿਕ੍ਰਿਸ਼ਨ ਸਦਾਉਂਦੇ ਹੋ, ਸੋ ਕ੍ਰਿਸ਼ਨ ਮਹਾਰਾਜ ਤੋਂ ਵੀ ਵਧੇਰੇ ਮਹਾਨ ਹੋਵੋਗੇ। ਮੈਨੂੰ ਗੀਤਾ ਦਾ ਅਨੁਵਾਦ ਕਰ ਸੁਣਾਉ।" ਉਸ ਸਮੇਂ ਉਥੇ ਨੇੜੇ ਹੀ ਇਕ ਗੁੰਗਾ ਅਤੇ ਅਨਪੜ੍ਹ ਆਦਮੀ ਖੜਾ ਸੀ ਜਿਸ ਦਾ ਨਾਮ ਛੱਜੂ ਸੀ ਅਤੇ ਉਸੇ ਪਿੰਡ ਰਹਿੰਦਾ ਸੀ ਜਿਥੇ ਉਹ ਬ੍ਰਾਹਮਣ। ਜਿਥੇ ਗੁਰੂ ਜੀ ਨੇ ਡੇਰਾ ਕੀਤਾ ਸੀ ਛੱਜੂ ਲੰਗਰ ਵਾਸਤੇ ਪਾਣੀ ਲਿਆਉਣ ਦੀ ਸੇਵਾ ਕਰਦਾ ਸੀ। ਗੁਰੂ ਜੀ ਨੇ ਬ੍ਰਾਹਮਣ ਨੂੰ ਪੁੱਛਿਆ ਕਿ ਉਹ ਆਪ ਗੀਤਾ ਦਾ ਅਨੁਵਾਦ ਕਰਨ ਜਾਂ ਛੱਜੂ ਕੋਲੋਂ ਕਰਵਾ ਦੇਣ

? ਬ੍ਰਾਹਮਣ ਨੇ ਸੋਚਿਆ ਕਿ ਛੱਜੂ ਤਾਂ ਬੋਲ ਵੀ ਨਹੀਂ ਸਕਦਾ, ਉਹ ਕਿਸ ਤਰ੍ਹਾਂ ਅਨੁਵਾਦ ਕਰਕੇ ਸੁਣਾਏਗਾ ? ਸੋ ਉਸ ਨੇ ਜ਼ਰਾ ਕੁ ਰੁਕ ਕੇ ਉੱਤਰ ਦਿਤਾ ਕਿ ਛੱਜੂ ਕਰ ਦੇਵੇ। ਗੁਰੂ ਜੀ ਸਦਾ ਇਕ ਸੋਟੀ (ਛਿਟੀ) ਆਪਣੇ ਕੋਲ ਰਖਦੇ ਸਨ। ਉਨ੍ਹਾਂ ਨੇ ਛੱਜੂ ਨੂੰ ਸੱਦਿਆ, ਉਹ ਸੋਟੀ ਉਸ ਦੇ ਸਿਰ 'ਤੇ ਰਖੀ ਅਤੇ ਕਿਹਾ ਕਿ ਬ੍ਰਾਹਮਣ ਦੇ ਸਵਾਲਾਂ ਦੇ ਉੱਤਰ ਦੇਈ ਜਾਏ। ਬ੍ਰਾਹਮਣ ਬਿਲਕੁਲ ਹੈਰਾਨ ਹੋ ਗਿਆ ਜਦ ਛੱਜੂ ਨੇ ਇਕ ਇਕ ਸਤਰ, ਜੋ ਬ੍ਰਾਹਮਣ ਨੇ ਪੁੱਛੀ, ਦੀ ਵਿਸਥਾਰ ਨਾਲ ਵਿਆਖਿਆ ਕਰ ਦਿਤੀ। ਤਦ ਬ੍ਰਾਹਮਣ ਗੁਰੂ ਜੀ ਦੇ ਚਰਨ ਕਮਲਾਂ ਤੇ ਢੱਠਾ ਅਤੇ ਆਪਣੇ ਬੇਸਮਝ ਵਰਤਾਰੇ ਲਈ ਖਿਮਾ ਮੰਗੀ।

ਜਦ ਗੁਰੂ ਜੀ ਦਿੱਲੀ ਪੁੱਜੇ ਤਾਂ ਰਾਜਾ ਜੈ ਸਿੰਘ, ਜੋ ਨੰਗੇ ਪੈਰੀਂ ਚਲ ਕੇ ਗਰੂ ਜੀ ਨੂੰ ਲੈਣ ਆਇਆ ਸੀ, ਨੇ ਗੁਰੂ ਜੀ ਦਾ ਸਵਾਗਤ ਕੀਤਾ। ਉਸ ਨੇ ਗੁਰੂ ਜੀ ਨੂੰ ਉਸ ਦੀ ਹਵੇਲੀ ਵਿੱਚ ਰਹਿਣ ਲਈ ਬੇਨਤੀ ਕੀਤੀ। ਹੁਣ ਉਸ ਅਸਥਾਨ ਤੇ ਨਵੀਂ ਦਿੱਲੀ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ। ਦਿੱਲੀ ਦੇ ਹਜ਼ਾਰਾਂ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਆਏ। ਗੁਰੂ ਜੀ ਦੇ ਪਵਿਤਰ ਦਰਸ਼ਨ ਕਰਕੇ ਰੋਗੀ ਰਾਜ਼ੀ ਹੋ ਗਏ ਅਤੇ ਦੁਖੀ ਲੋਕਾਂ ਨੂੰ ਸ਼ਾਤੀ ਮਿਲ ਗਈ।

ਬਾਦਸ਼ਾਹ ਨੇ ਗੁਰੂ ਜੀ ਦੇ ਪਹੁੰਚਣ ਤੇ ਤੋਹਫੇ ਭੇਟਾ ਕਰ ਭੇਜੇ ਅਤੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਦੱਸੀ। ਗੁਰੂ ਜੀ ਨੇ ਸੱਦਾ ਪਰਵਾਨ ਨਹੀਂ ਕੀਤਾ ਅਤੇ ਕਿਹਾ, "ਮੇਰੇ ਵੱਡੇ ਭਰਾਤਾ, ਰਾਮਰਾਇ, ਆਪਦੇ ਕੋਲ ਹਨ ਅਤੇ ਉਹ ਸਾਰੇ ਸਿਆਸੀ ਮਾਮਲਿਆਂ ਦਾ ਪ੍ਰਬੰਧ ਬਾਦਸ਼ਾਹ ਸਲਾਮਤ ਨਾਲ ਨੇਪਰੇ ਚਾੜ੍ਹ ਲਵੇਗਾ ਅਤੇ ਚੰਗਾ ਹੈ ਕਿ ਮੈਂ ਉਸ ਵਿੱਚ ਦਖਲ ਨ ਦੇਵਾਂ। ਮੇਰਾ ਉਦੇਸ਼ ਸੱਚੇ ਨਾਮ ਦਾ ਪ੍ਰਚਾਰ ਕਰਨਾ ਹੈ। ਰਾਮਰਾਇ ਮੇਰੇ ਨਾਲ ਗੁਰਗੱਦੀ ਕਾਰਨ ਵੈਰ ਵਿਰੋਧ ਕਰਦਾ ਹੈ, ਅਤੇ ਜੇ ਬਾਦਸ਼ਾਹ ਨੇ ਮੇਰੇ ਨਾਲ ਕੋਈ ਰਿਆਇਤ ਵਿਖਾਈ ਤਾਂ ਰਾਮਰਾਇ ਹੋਰ ਵਿਰੋਧੀ ਹੋ ਜਾਵੇਗਾ, ਸੋ ਪਰਵਾਰ ਵਿੱਚ ਸੰਗੀਨ ਝਗੜਿਆਂ ਤੋਂ ਦੂਰ ਰਹਿਣਾ ਚੰਗਾ ਹੈ। ਇਸ ਅਤੇ ਹੋਰ ਕਾਰਨਾਂ ਕਰਕੇ ਮੇਰੇ ਪਿਤਾ ਜੀ ਨੇ ਮੈਨੂੰ ਬਾਦਸ਼ਾਹ ਨਾਲ ਮਿਲਣ ਤੋਂ ਮਨ੍ਹਾਂ ਕਰ ਦਿੱਤਾ ਸੀ।"

ਅਗਲੇ ਦਿਨ ਬਾਦਸ਼ਾਹ ਦਾ ਬੇਟਾ, ਸ਼ਹਿਜ਼ਾਦਾ ਮੁਅੱਜ਼ਮ, ਗੁਰੂ ਜੀ ਕੋਲ ਹਾਜ਼ਰ ਹੋਇਆ ਅਤੇ ਆਪਣੇ ਪਿਤਾ ਦੀ ਗੁਰੂ ਜੀ ਨੂੰ ਮਿਲਣ ਦੀ ਖਾਹਸ਼ ਦਾ ਸੁਨੇਹਾ ਦਿਤਾ। ਗੁਰੂ ਜੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਬਾਦਸ਼ਾਹ ਨੂੰ ਨ ਮਿਲਣ ਦੇ ਕਾਰਨ ਪਹਿਲਾਂ ਹੀ ਦੱਸ ਚੁਕੇ ਹਨ। ਜੇ ਬਾਦਸ਼ਾਹ ਨੂੰ ਧਰਮ ਬਾਰੇ ਕੋਈ ਸੰਦੇਸ਼ ਚਾਹੀਦਾ ਹੈ ਤਾਂ ਉਹ ਸ਼ਹਿਜ਼ਾਦੇ ਰਾਹੀਂ ਦੇ ਦੇਣਗੇ। ਜੇ ਬਾਦਸ਼ਾਹ ਧਰਮ ਸਬੰਧੀ ਸੰਦੇਸ਼ ਸਮਝ ਜਾਵੇ ਅਤੇ ਉਹਨਾਂ ਉਤੇ ਅਮਲ ਕਰੇ ਤਾਂ ਉਸ ਉਤੇ ਗੁਰੂ ਨਾਨਕ ਜੀ ਦੀ ਬਖਸ਼ਿਸ਼ ਆਵੇਗੀ ਅਤੇ ਉਹ ਖੁਸ਼ ਹੋਵੇਗਾ। ਮੁਅੱਜ਼ਤ ਨੇ ਉਹ ਧਾਰਮਕ ਸੰਦੇਸ਼ ਮੰਗਿਆ ਤਾਂ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਦਾ ਇਹ ਸ਼ਬਦ ਲਿਖਵਾ ਦਿੱਤਾ :

"ਕਿਆ ਖਾਧੈ ਕਿਆ ਪੈਧੈ ਹੋਇ।ਜਾ ਮਨਿ ਨਾਹੀ ਸਚਾ ਸੋਇ।  
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ।  
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ।  
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ।  
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਨਾਸੁ।'

(ਵਾਰ ਮਾਝ ਕੀ ਮਹਲਾ ੧, ਪੰਨਾ ੧੪੨)

ਬਾਦਸ਼ਾਹ ਦੇ ਹੁਕਮ ਤੇ ਰਾਜਾ ਜੈ ਸਿੰਘ ਗੁਰੂ ਜੀ ਨੂੰ ਪਰਖਣਾ ਮੰਨ ਗਿਆ ਕਿ ਗੁਰੂ ਜੀ ਦੈਵੀ ਸ਼ਕਤੀਆਂ ਦੇ ਮਾਲਕ ਹਨ ਕਿ ਨਹੀਂ। ਰਾਜਾ ਜੈ ਸਿੰਘ ਦੀ ਪਟਰਾਣੀ ਦਾਸੀਆਂ ਵਾਲੇ ਕਪੜੇ ਪਾ ਕੇ ਹੋਰ ਦਾਸੀਆਂ ਅਤੇ ਰਾਣੀਆਂ ਵਿੱਚ ਰਲ ਕੇ ਬੈਠ ਗਈ। ਗੁਰੂ ਜੀ ਨੂੰ ਬੇਨਤੀ ਕੀਤੀ ਗਈ ਕਿ ਪਟਰਾਣੀ ਨੂੰ ਪਛਾਨਣ। ਗੁਰੂ ਜੀ ਨੇ ਉਸੇ ਵਕਤ ਪਛਾਣ ਕਰ ਲਈ। ਇਸ ਤੇ ਰਾਜਾ ਜੈ ਸਿੰਘ ਅਤੇ ਉਸ ਦੀਆਂ ਰਾਣੀਆਂ ਨੇ ਗੁਰੂ ਜੀ ਦੀ ਇਲਾਹੀ ਸ਼ਕਤੀ ਨੂੰ ਮੰਨ ਲਿਆ।

ਉਸ ਸਮੇਂ ਦਿੱਲੀ ਵਿੱਚ ਹੈਜ਼ਾ ਅਤੇ ਚੇਚਕ (ਮਾਤਾ) ਬੜੇ ਜ਼ੋਰ ਨਾਲ ਫੈਲ ਰਹੇ ਸਨ। ਗੁਰੂ ਜੀ ਨੇ ਹੁਕਮ ਦਿਤਾ ਕਿ ਉਨ੍ਹਾਂ ਜੋਗ ਜਿੰਨੀਆਂ ਭੇਟਾਵਾਂ ਆਉਣ ਉਹ ਗਰੀਬਾਂ ਦਾ ਕਸ਼ਟ ਦੂਰ ਕਰਨ ਲਈ ਵਰਤੀਆ ਜਾਣ। ਭੋਜਨ ਪਦਾਰਥ, ਦਵਾਈਆਂ ਅਤੇ ਕਪੜੇ ਗਰੀਬਾ ਅਤੇ ਰੋਗੀਆਂ ਨੂੰ ਵੰਡੇ। ਇਸਤਰ੍ਹਾਂ ਗੁਰੂ ਜੀ ਦੇ ਬਹੁਤ ਸਾਰੇ ਸ਼ਰਧਾਲੂ ਬਣ ਗਏ।

ਥੋੜਾ ਕੁ ਸਮਾਂ ਪਿਛੋਂ ਗੁਰੂ ਜੀ ਨੂੰ ਬੜਾ ਬੁਖਾਰ ਚੜ੍ਹ ਗਿਆ ਜਿਸ ਤੋਂ ਚੀਚਕ ਨਿਕਲ ਆਈ।[੨] ਗੁਰੂ ਜੀ ਦੇ ਮਾਤਾ ਜੀ

ਕੋਲ ਬੈਠੇ ਕਹਿਣ ਲੱਗੇ, "ਪੁਤਰ ਜੀਉ, ਆਪ ਆਪਣੀ ਮਿਰਤੂ ਕਿਉਂ ਲੋਚਦੇ ਹੋ ? ਆਪ ਜੀ ਨੂੰ ਹੁਣੇ ਹੁਣੇ ਹੀ ਗੁਰਗੱਦੀ ਦੀ ਬਖਸ਼ਸ਼ ਹੋਈ ਹੈ ਅਤੇ ਹਾਲਾਂ ਬਾਲਕ ਅਵਸਥਾ ਵਿੱਚ ਹੀ ਹੋ, ਸੋ ਇਤਨੀ ਛੇਤੀ ਸੰਸਾਰ

ਤੋਂ ਤੁਰ ਜਾਣਾ ਠੀਕ ਨਹੀਂ ਲਗਦਾ।" ਗੁਰੂ ਜੀ ਨੇ ਉੱਤਰ ਦਿਤਾ, "ਮਾਤਾ ਜੀ, ਚਿੰਤਾ ਨਾ ਕਰੋ। ਮੇਰੀ ਸੁਰੱਖਿਆ ਅਕਾਲ ਪੁਰਖ ਦੀ ਰਜ਼ਾ ਵਿੱਚ ਹੈ। ਉਹੀ ਆਪਣੀ ਫਸਲ ਦਾ ਕਟਣਹਾਰਾ ਹੈ; ਇਹ ਉਸਦੀ ਖੁਸ਼ੀ ਹੈ ਕਿ ਕਦੇ ਉਹ ਫਸਲ ਨੂੰ ਹਰੀ ਭਰੀ ਨੂੰ ਕਟ ਲਵੇ, ਜਾਂ ਅੱਧੀ ਹਰੀ ਨੂੰ ਜਾਂ ਕਦੇ ਪੱਕ ਜਾਣ ਪਿਛੋਂ। ਕਰਤਾਰ ਜੋ ਕਰੇਗਾ ਉਹੀ ਸਭ ਤੋਂ ਚੰਗਾ ਹੋਵੇਗਾ।"

ਗੁਰੂ ਜੀ ਕਈ ਦਿਨ ਬੀਮਾਰ ਰਹੇ। ਉਨ੍ਹਾਂ ਨੂੰ ਗਿਆਨ ਸੀ ਕਿ ਉਨ੍ਹਾਂ ਦਾ ਅੰਤ ਸਮਾਂ ਆ ਗਿਆ ਹੈ ਅਤੇ ਉਨ੍ਹਾਂ ਨੇ ਪੰਜ ਪੈਸੇ ਅਤੇ ਇਕ ਨਰੇਲ ਮੰਗਵਾਇਆ। ਉਨ੍ਹਾਂ ਨੇ ਆਪਣਾ ਹੱਥ ਤਿੰਨ ਵਾਰੀ ਹਵਾ ਵਿੱਚ ਘੁਮਾਇਆ ਜੋ ਆਪਣੇ ਜਾਨਸ਼ੀਨ ਦੁਆਲੇ ਤਿੰਨ ਪਰਕਰਮਾ ਕਰਨ ਦਾ ਸੂਚਕ ਸੀ ਅਤੇ ਬਚਨ ਕੀਤਾ, "ਬਾਬਾ ਬਕਾਲੇ", ਜਿਸ ਦਾ ਭਾਵ ਸੀ ਕਿ ਗੁਰਗੱਦੀ ਦਾ ਅਧਿਕਾਰੀ ਬਕਾਲਾ ਪਿੰਡ ਵਿੱਚ ਹੈ। ਤਦ ਗੁਰੂ ਜੀ ਜੋਤੀ ਜੋਤਿ ਸਮਾ ਗਏ, ੩੦ ਮਾਰਚ ੧੬੪੪ ਨੂੰ। ਉਨ੍ਹਾਂ ਦੀ ਦੇਹ ਦਾ ਸਸਕਾਰ ਜਮਨਾ ਦਰਿਆ ਕੰਢੇ ਕੀਤਾ ਗਿਆ। ਜਿਥੇ ਹੁਣ ਗੁਰਦੁਆਰਾ ਬਾਲਾ ਸਾਹਿਬ ਸਥਿਤ ਹੈ।

੧. ਇਹ ਗੁਰਦਾਸ, ਭਾਈ ਗੁਰਦਾਸ ਜੀ ਤੋਂ ਵੱਖਰਾ ਹੈ।

੨. ਕਿਹਾ ਜਾਂਦਾ ਹੈ ਕਿ ਚੀਚਕ ਦਿੱਲੀ ਵਿਚ ਐਨੇ ਜ਼ੋਰ ਨਾਲ ਫੈਲ ਗਈ ਕਿ ਗੁਰੂ ਜੀ ਨੇ ਮਾਨਵੀ ਦਰਦ ਦੀ ਭਾਵਨਾ ਨਾਲ ਚੀਚਕ ਆਪਣੇ ਉਤੇ ਲੈ ਲਈ ਅਤੇ ਦਿੱਲੀ ਨਿਵਾਸੀਆਂ ਦਾ ਇਸ ਤੋਂ ਛੁਟਕਾਰਾ ਕਰਾ ਦਿਤਾ। ਰਾਜਾ ਜੈ ਸਿੰਘ ਨੇ ਇਕ ਚੁਬੱਚਾ ਬਣਵਾਇਆ। ਗੁਰੂ ਜੀ ਨੇ ਇਸ ਭਰੇ ਪਾਣੀ ਆਪਣੇ ਚਰਨ ਧੋਤੇ ਅਤੇ ਪਿਛੋਂ ਜਿਸ ਨੇ ਵੀ ਉਸ ਜਲ ਨਾਲ ਇਸ਼ਨਾਨ ਕੀਤਾ ਉਸ ਦਾ ਚੀਚਕ ਰੋਗ ਦੂਰ ਹੋ ਗਿਆ।